ਸਰਵ ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਦੇ ਕੰਮਾਂ ਦੀ ਸਮੀਖਿਆ ਕਰਨ ਹਿੱਤ ਜ਼ਿਲ੍ਹਾ ਪੱਧਰ ਤੇ ਰਿਵਿਯੂ ਅਤੇ ਮੋਨੀਟਰਿੰਗ ਕਰਨ ਲਈ ਤਿਮਾਹੀ ਮੀਟਿੰਗ ਮਿਤੀ: 16.09.2014 ਨੂੰ 3:00 ਵਜੇ ਲੈਫ. ਕਰਨਲ ਸ਼ਾਂਤੀ ਸਵਰੂਪ ਰਾਣਾ ਅਸ਼ੋਕ ਚੱਕਰਾ ਮੀਟਿੰਗ ਹਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਪ੍ਰਧਾਨ ਜੀ ਤੋ ਆਗਿਆ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ ਵੱਲੋ ਮੀਟਿੰਗ ਸ਼ੁਰੂ ਕੀਤੀ ਗਈ।

ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਹਾਜ਼ਰ ਹੋਏ :-

| | | | |
|---|---|---|---|
| 1 | ਸ਼੍ਰੀ ਹਰਮਿੰਦਰ ਸਿੰਘ | | ਵਧੀਕ ਡਿਪਟੀ ਕਮਿਸ਼ਨਰ (ਜਨਰਲ), ਹੁਸ਼ਿਆਰਪੁਰ |
| 2 | ਸ਼੍ਰੀ ਅਮਰਜੀਤ ਸਿੰਘ | : | ਐਸ.ਡੀ.ਐਮ, ਗੜ੍ਹਸ਼ੰਕਰ |
| 3 | ਸ਼੍ਰੀ ਰਾਹੁਲ ਚਾਂਬਾ | : | ਐਸ.ਡੀ.ਐਮ, ਮੁਕੇਰੀਆਂ |
| 4 | ਸ਼੍ਰੀ ਆਨੰਦ ਸਾਗਰ ਸ਼ਰਮਾ | : | ਐਸ.ਡੀ.ਐਮ, ਹੁਸ਼ਿਆਰਪੁਰ |
| 5 | ਸ਼੍ਰੀ ਬਰਜਿੰਦਰ ਸਿੰਘ | : | ਐਸ.ਡੀ.ਐਮ, ਦਸੂਹਾ |
| 6 | ਸ਼੍ਰੀ ਹਰਬੰਸ ਲਾਲ | : | ਜ਼ਿਲ੍ਹਾ ਸਿੱਖਿਆ ਅਫਸਰ (ਜ਼ਿਲ੍ਹਾ ਪ੍ਰੀਸ਼ਦ), ਹੁਸ਼ਿਆਰਪੁਰ |
| 7 | ਸ਼੍ਰੀ ਬਲਵੀਰ ਸਿੰਘ | : | ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ |
| 8 | ਸ਼੍ਰੀ ਤਰਸੇਮ ਮਸੀਹ | : | ਜ਼ਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ |
| 9 | ਮੈਡਮ ਸੁਮਨਦੀਪ ਕੌਰ | : | ਜ਼ਿਲ੍ਹਾ ਪ੍ਰੋਗਰਾਮ ਅਫਸਰ, ਆਈ.ਸੀ.ਡੀ.ਐਸ, ਹੁਸ਼ਿਆਰਪੁਰ |
| 10 | ਸ਼੍ਰੀ ਪਰਮਜੀਤ ਸਚਦੇਵਾ | | ਨੁਮਾਇੰਦਾ ਆਸ਼ਾ ਦੀਪ ਵੈਲਫੇਅਰ ਸੋਸਾਇਟੀ, ਹੁਸ਼ਿਆਰਪੁਰ |
| 11 | ਸ਼੍ਰੀਮਤੀ ਕਿਰਨ ਸੈਣੀ | : | ਪ੍ਰਿਸੀਪਲ, ਡਾਇਟ |
| 12 | ਸ਼੍ਰੀ ਮਦਨ ਲਾਲ ਸ਼ਰਮਾ | : | ਡੀ ਆਰ ਪੀ, ਸਸਅ |
| 13 | ਸ਼੍ਰੀ ਸੁਦੇਸ਼ ਚੰਦਰ | : | ਡੀ ਆਰ ਪੀ, ਆਰ ਐਮ ਐਸ ਏ |
| 14 | ਸ਼੍ਰੀ ਜਗਤਜੀਤ ਸਿੰਘ | : | ਡੀ ਆਰ ਪੀ, ਪ੍ਰਵੇਸ਼ ਪੋਜੈਕਟ ਕੋਆਰਡੀਨੇਟਰ, ਸਸਅ |
| 15 | ਸ਼੍ਰੀਮਤੀ ਗੁਰਮੇਜ਼ ਕੌਰ | : | ਬੀ ਪੀ ਈ ਓ ਬੁੱਲੋਵਾਲ |
| 16 | ਸ਼੍ਰੀ ਹਰਭਜਨ ਸਿੰਘ | : | ਡੀ ਐਮ, ਮਿਡ ਡੇ ਮੀਲ |
| 17 | ਸ਼੍ਰੀ ਹਿਮਾਸ਼ੂ ਭਨੋਟ | : | ਲੇਖਾਕਾਰ, ਮਿਡ ਡੇ ਮੀਲ |
| 18 | ਸ਼੍ਰੀ ਅਨੀਰੁੱਧ ਮੋਦਗਿਲ | : | ਡੀਲਿੰਗ ਹੈਡ, ਮਿਡ ਡੇ ਮੀਲ |
| 19 | ਸ਼੍ਰੀ ਭਗਵੰਤ ਰਾਏ | : | ਬੀ ਪੀ ਈ ਓ ਬਲਾਕ ਮਾਹਿਲਪੁਰ-1 |
| 20 | ਸ਼੍ਰੀ ਮਨਜੀਤ ਸਿੰਘ | : | ਬੀ ਪੀ ਈ ਓ ਬਲਾਕ ਟਾਂਡਾ-1 |
| 21 | ਸ਼੍ਰੀਮਤੀ ਬਲਜੀਤ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 2 ਏ |
| 22 | ਸ਼੍ਰੀਮਤੀ ਬਲਵਿੰਦਰ ਕੌਰ | : | ਬੀ ਪੀ ਈ ਓ ਬਲਾਕ ਭੂੰਗਾ-1 |
| 23 | ਸ਼੍ਰੀ ਬਲਵਿੰਦਰ ਪਾਲ ਸਿੰਘ | : | ਬੀ ਆਰ ਪੀ ਬਲਾਕ ਮਾਹਿਲਪੁਰ-2 |

| | | | |
|---|---|---|---|
| 24 | ਸ਼੍ਰੀਮਤੀ ਸੁਮਿੱਤਰ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 1 ਬੀ |
| 25 | ਸ਼੍ਰੀ ਗੁਲਵੰਤ ਸਿੰਘ | : | ਡਾਟਾ ਐਂਟਰੀ ਅਪਰੇਟਰ ਬਲਾਕ ਹੁਸ਼ਿਆਰਪੁਰ 2 ਬੀ |
| 26 | ਸ਼੍ਰੀ ਹਰਵਿੰਦਰ ਸਿੰਘ | : | ਬੀ ਆਰ ਪੀ, ਬਲਾਕ ਹੁਸ਼ਿਆਰਪੁਰ 2 ਏ |
| 27 | ਸ਼੍ਰੀਮਤੀ ਰਜਨੀ ਬਾਲਾ | : | ਲੇਖਾਕਾਰ, ਹਾਜੀਪੁਰ |
| 28 | ਸ਼੍ਰੀਮਤੀ ਨੀਲਮ ਸਾਂਗਾ | : | ਡਾਟਾ ਐਂਟਰੀ ਅਪਰੇਟਰ, ਬਲਾਕ ਤਲਵਾੜਾ |
| 29 | ਸ਼੍ਰੀ ਮਹਿੰਦਰ ਲਾਲ | : | ਜੇ.ਈ ਬਲਾਕ ਹੁਸ਼ਿਆਰਪੁਰ 1 ਏ |
| 30 | ਸ਼੍ਰੀ ਰੋਸ਼ਨ ਲਾਲ | : | ਬੀ ਆਰ ਪੀ ਬਲਾਕ ਮੁਕੇਰੀਆਂ-2 |
| 31 | ਸ਼੍ਰੀ ਰਾਜ ਕੰਵਲ | : | ਬੀ ਆਰ ਪੀ, ਗੜ੍ਹਸ਼ੰਕਰ-1 |
| 32 | ਸ਼੍ਰੀ ਅਵਤਾਰ ਸਿੰਘ | : | ਨੁਮਾਇੰਦਾ ਬੀ ਪੀ ਈ ਓ ਬਲਾਕ ਦਸੂਹਾ-2 |
| 33 | ਸ਼੍ਰੀ ਰਜਨੀਸ਼ ਕੁਮਾਰ | : | ਬੀ ਆਰ ਪੀ ਬਲਾਕ ਹੁਸ਼ਿਆਰਪੁਰ 2 ਬੀ |
| 34 | ਸ਼੍ਰੀਮਤੀ ਨਿਰਮਲਾ ਦੇਵੀ | : | ਏ.ਪੀ.ਸੀ (ਜ), ਸਸਅ |
| 35 | ਸ਼੍ਰੀਮਤੀ ਕੰਚਨ ਬਾਲਾ | : | ਏ.ਪੀ.ਸੀ (ਵਿੱਤ), ਸਸਅ |
| 36 | ਸ਼੍ਰੀ ਗੋਪਾਲ ਕ੍ਰਿਸ਼ਨ | : | ਲੇਖਾਕਾਰ, ਸਸਅ |
| 37 | ਮਿਸ ਜਗਦੀਪ ਕੌਰ | : | ਲੇਖਾਕਾਰ, ਸਸਅ |
| 38 | ਸ਼੍ਰੀ ਨਰੇਸ਼ ਕੁਮਾਰ | : | ਡੀ ਆਰ ਪੀ, ਐਮ ਆਈ ਐਸ, ਸਸਅ |
| 39 | ਸ਼੍ਰੀ ਸੁਖਵਿੰਦਰ ਸਿੰਘ | : | ਡੀ ਆਰ ਪੀ, ਆਈ.ਈ.ਡੀ, ਸਸਅ |
| 40 | ਸ਼੍ਰੀਮਤੀ ਅੰਜੂ ਸੈਣੀ | : | ਡੀ.ਐਸ.ਈ, ਸਸਅ |
| 41 | ਸ਼੍ਰੀ ਅੰਕੁਰ ਸ਼ਰਮਾ | : | ਆਫਿਸ ਅਸਿਸਟੈਟ-ਕਮ-ਡਾਟਾ ਐਟਰੀ ਅਪਰੇਟਰ |
| 42 | ਸ਼੍ਰੀ ਵਰੁਨ ਜੈਨ | : | ਆਫਿਸ ਅਸਿਸਟੈਟ-ਕਮ-ਡਾਟਾ ਐਟਰੀ ਅਪਰੇਟਰ |
| 43 | ਸ਼੍ਰੀਮਤੀ ਰੀਨਾ ਕੁਮਾਰੀ | : | ਆਫਿਸ ਅਸਿਸਟੈਟ-ਕਮ-ਡਾਟਾ ਐਟਰੀ ਅਪਰੇਟਰ |
| 44 | ਸ਼੍ਰੀਮਤੀ ਵੰਦਨਾ ਕੁਮਾਰੀ | : | ਆਫਿਸ ਅਸਿਸਟੈਟ-ਕਮ-ਡਾਟਾ ਐਟਰੀ ਅਪਰੇਟਰ |
| 45 | ਮਿਸ ਤਮੰਨਾ ਗੁਪਤਾ | : | ਆਫਿਸ ਅਸਿਸਟੈਟ-ਕਮ-ਡਾਟਾ ਐਟਰੀ ਅਪਰੇਟਰ |

**ਵਿੱਤ:** ਸਾਲ 2014-15 ਦੌਰਾਨ ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਮੋਹਾਲੀ (ਅਜੀਤਗੜ੍ਹ) ਜੀ ਦੇ ਦਫਤਰ ਤੋਂ 157487130/- ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋਂ 144672299/- ਰੁ. ਦੀ ਰਾਸ਼ੀ ਖਰਚ ਹੋ ਚੁੱਕੀ ਹੈ ਅਤੇ 12814831/- ਰੁ. ਦੀ ਰਾਸ਼ੀ ਬਲਾਕ ਪੱਧਰ ਤੇ ਕੰਮ ਕਰ ਰਹੇ ਸਿੱਖਿਆ ਕਰਮੀਆਂ ਦੀ ਮਹੀਨਾਵਾਰ ਤਨਖਾਹ ਅਤੇ ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੀ ਮਹੀਨਾਵਾਰ ਤਨਖਾਹਾਂ, ਲਰਨਿੰਗ ਇੰਨਹਾਸਮੈਂਟ ਪ੍ਰੋਗਰਾਮ ਇਸ ਦੇ ਵਿੱਚ ਸਾਇੰਸ ਅਤੇ ਮੈਥ ਦੀਆਂ ਐਕਟੀਵਿਟੀ ਹੁੰਦੀਆਂ ਹਨ, ਦਾ ਬਕਾਇਆ ਪਿਆ ਹੈ।

## ਆਰ ਟੀ ਈ (ਰਾਈਟ ਟੂ ਐਜੂਕੇਸ਼ਨ ਐਕਟ)

ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਾਰੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿੱਚ ਬਣੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਮਿਆਦ ਮਿਤੀ: 31.03.2014 ਨੂੰ ਖਤਮ ਹੋ ਗਈ ਹੈ। ਅਗਲੇ ਦੋ ਸਾਲਾਂ ਲਈ ਬਣਨ ਵਾਲੀਆਂ ਸਕੂਲ ਮੈਨੇਜਿੰਗ ਕਮੇਟੀਆਂ ਦਾ ਕੰਮ ਅੰਤਿਮ ਚਰਨ ਵਿੱਚ ਹੈ। ਜ਼ਿਲ੍ਹਾ ਪ੍ਰੀਸ਼ਦ ਅਧੀਨ 15 ਸਕੂਲਾਂ ਦੀਆਂ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ ਹੈ।ਸਕੂਲਾਂ ਦੀ ਲਿਸਟ ਦਫਤਰ ਜ਼ਿਲ੍ਹਾ ਪ੍ਰੀਸ਼ਦ ਹੁਸ਼ਿਆਰਪੁਰ ਵਿਖੇ ਭੇਜ ਦਿੱਤੀ ਗਈ ਹੈ।

ਪ੍ਰਧਾਨ ਜੀ ਨੇ ਕਿ ਰਹਿੰਦੀਆਂ ਕਮੇਟੀਆਂ ਬਣਾਉਣ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ।

## ਆਈ.ਈ.ਡੀ ਕੰਪੋਨੈਂਟ (ਇੰਨਕਲੂਜ਼ਿਵ ਐਜੂਕੇਸ਼ਨ ਫਾਰ ਡਿੱਸਏਬਲ)

### ਰਿਸੋਰਸ ਰੂਮ

ਜ਼ਿਲ੍ਹੇ ਦੇ ਰਿਸੋਰਸ ਰੂਮਾਂ ਵਿੱਚ ਚਨੌਤੀ ਗ੍ਰਸਤ ਬੱਚਿਆਂ ਨੂੰ ਪੜ੍ਹਾਉਣ ਲਈ 33 ਆਈ.ਈ.ਆਰ.ਟੀਜ਼ ਅਤੇ 90 ਆਈ.ਈ.ਵੀਜ਼ ਕੰਮ ਕਰ ਰਹੇ ਹਨ।ਜ਼ਿਲ੍ਹੇ ਵਿੱਚ 92 ਰਿਸੋਰਸ ਰੂਮ ਚਲ ਰਹੇ ਹਨ।ਜਿਹੜੇ ਚਨੌਤੀ ਗ੍ਰਸਤ ਬੱਚੇ severe and profound ਕੈਟਾਗਰੀ ਦੇ ਹਨ ਉਨ੍ਹਾ ਨੂੰ ਘਰੋ-ਘਰੀ ਹੋਮਬੇਸਡ ਐਜੁਕੇਸ਼ਨ ਨਾਲ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਦੁਆਰਾ ਸਿੱਖਿਅਤ ਕੀਤਾ ਜਾ ਰਿਹਾ ਹੈ।

### ਅਸੈਸਮੈਂਟ ਕੈਂਪ

ਮਿਤੀ: 26.09.2014 ਤੋਂ ਚਨੌਤੀ ਗ੍ਰਸਤ ਬੱਚਿਆਂ ਦੇ ਮੈਡੀਕਲ ਅਸੈਸਮੈਂਟ ਕੈਂਪ ਹੇਠ ਲਿੱਖਿਆ ਮਿਤੀਆਂ ਅਨੁਸਾਰ ਲਗਾਏ ਜਾ ਰਹੇ ਹਨ:-

| ਲੜੀ ਨੰ | ਮਿਤੀ | ਬਲਾਕ ਦਾ ਨਾਮ | ਸਥਾਨ | ਵਿਸ਼ੇਸ਼ ਕਥਨ |
|---|---|---|---|---|
| 1 | 26.09.2014 | ਟਾਂਡਾ-1, ਟਾਂਡਾ-2 ਅਤੇ ਬੁੱਲੋਵਾਲ | ਸਅਸ ਆਲੋਵਾਲ | |
| 2 | 27.09.2014 | ਭੂੰਗਾ-1, ਭੂੰਗਾ-2, ਦਸੂਹਾ-1 ਅਤੇ ਦਸੂਹਾ-2 | ਬੀ ਆਰ ਸੀ ਦਸੂਹਾ | |
| 3 | 29.09.2014 | ਹੁਸ਼ਿਆਰਪੁਰ 1 ਏ, ਹੁਸ਼ਿਆਰਪੁਰ 2 ਏ, ਹੁਸ਼ਿਆਰਪੁਰ 1 ਬੀ, ਹੁਸ਼ਿਆਰਪੁਰ 2 ਬੀ | ਬੀ ਆਰ ਸੀ ਰੇਲਵੇ ਮੰਡੀ ਹੁਸ਼ਿਆਰਪੁਰ | |
| 4 | 30.09.2014 | ਮੁਕੇਰੀਆਂ-1, ਮੁਕੇਰੀਆਂ-2, ਹਾਜੀਪੁਰ ਅਤੇ ਤਲਵਾੜਾ | ਸਸਸਸ (ਲੜਕੇ) ਮੁਕੇਰੀਆਂ | |
| 5 | 01.10.2014 | ਗੜ੍ਹਸ਼ੰਕਰ-1, ਗੜ੍ਹਸ਼ੰਕਰ-2, ਮਾਹਿਲਪੁਰ-1 ਅਤੇ ਮਾਹਿਲਪੁਰ-2 | ਸਸਸਸ (ਲੜਕੇ) ਗੜ੍ਹਸ਼ੰਕਰ | |

ਪ੍ਰਧਾਨ ਜੀ ਨੇ ਕਿਹਾ ਕਿ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਵਿਸ਼ੇਸ਼ ਲੋੜਾਂ ਵਾਲਾ ਕੋਈ ਵੀ ਬੱਚਾ ਇਨ੍ਹਾਂ ਕੈਂਪਾਂ ਤੋਂ ਵਾਂਝਾ ਨਾ ਰਹੇ।

## ਐਸ.ਟੀ.ਆਰ (ਸਪੈਸ਼ਲ ਟ੍ਰੇਨਿੰਗ)

ਸਪੈਸ਼ਲ ਟ੍ਰੇਨਿੰਗ ਅਧੀਨ ਸਾਲ 2014-15 ਲਈ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਸਕੂਲ ਅਧਿਆਪਕਾਂ ਦੁਆਰਾ ਕਰਵਾਇਆ ਗਿਆ ਸੀ।ਜਿਸ ਵਿੱਚ 6-7 ਆਯੂ ਗੁੱਟ ਦੇ 146 ਬੱਚੇ ਸ਼ਨਾਖਤ ਕੀਤੇ ਗਏ ਸਨ, ਜਿਨ੍ਹਾ ਵਿੱਚੋ 130 ਬੱਚੇ ਸਕੂਲਾਂ ਵਿੱਚ ਦਾਖਲ ਕਰਵਾਏ ਗਏ ਹਨ ਅਤੇ 7-14 ਆਯੂ ਗੁੱਟ ਦੇ 593 ਬੱਚੇ ਸ਼ਨਾਖਤ ਕੀਤੇ

ਗਏ ਹਨ, ਜਿਨ੍ਹਾ ਵਿੱਚੋ ਇਸ ਸਮੇਂ 453 ਬੱਚੇ ਸਕੂਲਾਂ ਵਿੱਚ ਪੜ੍ਹ ਰਹੇ ਹਨ।ਇਨ੍ਹਾਂ ਬੱਚਿਆਂ ਵਾਸਤੇ 6,67,125/- ਰੁ. ਮਾਨਯੋਗ ਸਟੇਟ ਪੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੇ ਦਫਤਰ ਤੋਂ ਪ੍ਰਾਪਤ ਹੋਏ ਹਨ ਜਿਸ ਵਿੱਚੋ ਬਲਾਕ ਪੱਧਰ ਤੇ 3,35,412/- ਰੁ. ਖਰਚ ਹੋ ਚੁੱਕੇ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਜੇਕਰ ਕਿਸੇ ਵੀ ਆਯੂ ਗੁੱਟ 7-14 ਦੇ ਸਕੂਲੋ ਵਿਰਵੇ ਬੱਚੇ ਦੀ ਸ਼ਨਾਖਤ ਹੁੰਦੀ ਹੈ ਤਾਂ ਉਸ ਨੂੰ ਤੁਰੰਤ ਸਕੂਲ ਵਿੱਚ ਦਾਖਲ ਕਰਵਾਇਆ ਜਾਵੇ।

## ਵਰਦੀਆਂ ਸਾਲ 2014-15

ਸਾਲ 2014-15 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਵਰਦੀਆਂ ਸਬੰਧੀ ਕੁੱਲ 96043 ਬੱਚਿਆਂ ਦੇ 400 ਰੁ. ਪ੍ਰਤੀ ਬੱਚੇ ਦੇ ਹਿਸਾਬ ਨਾਲ 3,84,17,200/- ਰੁ. ਪ੍ਰਾਪਤ ਹੋਏ ਹਨ, ਜਿਸ ਵਿੱਚ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਾਰੀਆਂ ਲੜਕੀਆਂ ਜਿਨ੍ਹਾਂ ਦੀ ਗਿਣਤੀ 52849, ਐਸ.ਸੀ ਲੜਕੇ ਜਿਨ੍ਹਾਂ ਦੀ ਗਿਣਤੀ 32629 ਅਤੇ ਬੀ ਪੀ ਐਲ ਲੜਕੇ ਜਿਨ੍ਹਾਂ ਦੀ ਗਿਣਤੀ 10565 ਸੀ, 96043 ਬੱਚਿਆਂ ਵਿੱਚੋ 94386 ਬੱਚਿਆਂ ਨੂੰ ਵਰਦੀਆਂ ਦਿੱਤੀਆਂ ਜਾਣੀਆਂ ਸਨ ਜੋ ਕਿ ਮਿਤੀ: 08.09.2014 ਤੱਕ ਮੁਹੱਈਆਂ ਕਰਵਾ ਦਿੱਤੀਆ ਗਈਆ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਜੇਕਰ ਕੋਈ ਨਵਾਂ ਬੱਚਾਂ ਸਕੂਲ ਵਿੱਚ ਦਾਖਲ ਹੂੰਦਾ ਹੈ ਤਾਂ ਉਸ ਨੂੰ ਵੀ ਵਰਦੀ ਮੁਹੱਈਆਂ ਕਰਵਾਈ ਜਾਵੇ।

## ਪ੍ਰੋਜੈਕਟ ਪ੍ਰਵੇਸ਼

ਪੰਜਾਬ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਵਿੱਦਿਆ ਸੁਧਾਰ ਪ੍ਰੋਗਰਾਮ ਤਹਿਤ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰਵੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।ਜਿਸ ਤਹਿਤ ਬੱਚਿਆਂ ਦੀ ਗੁਣਾਤਮਕ ਸਿੱਖਿਆ ਵਿੱਚ ਵਾਧਾ ਹੋ ਸਕੇ ਅਤੇ ਬੱਚਾ ਸਿੱਖਿਆ ਦੇ ਸਿਰਜਣਾਤਮਕ ਮਾਡਲ ਨਾਲ ਜੁੜ ਸਕੇ। ਬੱਚਾ ਵੱਖ ਵੱਖ ਗਤੀਵਿਧੀਆ ਰਾਹੀਂ ਆਪਣੇ ਟੀਚਿਆਂ ਨੂੰ ਪੂਰਾ ਕਰਦਾ ਹੋਇਆ ਆਪਣੇ ਪਾਠਕ੍ਰਮ ਨਾਲ ਜੁੜ ਸਕੇ। ਜੋੜੋ ਗਿਆਨ ਕਿੱਟਾਂ ਸਮੂਹ ਸਰਕਾਰੀ ਸਕੂਲਾਂ ਵਿੱਚ ਜੋੜੋ ਗਿਆਨ ਸੰਸਥਾ ਵੱਲੋਂ ਪਹੁੰਚਾ ਦਿੱਤੀਆਂ ਗਈਆਂ ਹਨ। ਜਿਸ ਨਾਲ ਟ੍ਰੇਨਿੰਗ ਗਤੀਵਿਧੀਆ ਸਕੂਲਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ।ਇਸ ਸਾਲ ਬਾਲ ਮੈਗਜੀਨ ਦੇ ਪਹਿਲੇ ਅੰਕ ਸਬੰਧੀ ਸਕੂਲਾਂ ਵਿੱਚ ਤਿਆਰੀ ਚਲ ਰਹੀ ਹੈ। ਪ੍ਰਵੇਸ਼ ਬਲਾਕ ਕੋਆਰਡੀਨੇਟਰ ਸਕੂਲਾਂ ਵਿੱਚ ਟੀਚਿਆਂ ਤੋਂ ਪਿੱਛੇ ਵਿਦਿਆਰਥੀਆਂ ਨੂੰ ਟੀਚਿਆਂ ਤੱਕ ਪਹੁੰਚਾਉਣ ਲਈ ਉਪਰਾਲੇ ਕਰ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿੱਅਕ ਮੁਕਾਬਲੇ ਹੋ ਚੁੱਕੇ ਹਨ ਅਤੇ ਪ੍ਰਵੇਸ਼ ਦੇ ਵਿੱਦਿਅਕ ਮੁਕਾਬਲੇ ਦੀ ਤਿਆਰੀ ਸਕੂਲਾਂ ਵਿੱਚ ਚਲ ਰਹੀ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਪ੍ਰਵੇਸ਼ ਪ੍ਰੋਜੈਕਟ ਦੁਆਰਾ ਬੱਚਿਆਂ ਦੇ ਵਿੱਚ ਗੁਣਾਤਕਮ ਸੁਧਾਰ ਲਿਆਉਣ ਲਈ ਹੋਰ ਉਪਰਾਲੇ ਕੀਤੇ ਜਾਣ।

## ਟੈਕਸਟ ਬੁੱਕ

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 2014-15 ਅਧੀਨ ਸਕੂਲਾਂ ਵੱਲੋ ਕੀਤੀ ਗਈ ਡਿਮਾਂਡ ਮੁਤਾਬਿਕ ਕਿਤਾਬਾਂ ਸਕੂਲਾਂ ਵਿੱਚ ਪਹੁੰਚਾ ਦਿੱਤੀਆਂ ਗਈਆ ਹਨ ਅਤੇ ਇਹ ਕਿਤਾਬਾਂ ਬੱਚਿਆਂ ਨੂੰ ਵੰਡ ਦਿੱਤੀਆਂ ਗਈਆਂ ਹਨ।ਇਸ ਸੈਸ਼ਨ ਦੌਰਾਨ ਪ੍ਰਾਇਮਰੀ ਪੱਧਰ ਤੇ (ਪਹਿਲੀ ਤੋਂ ਪੰਜਵੀ ਜਮਾਤ ਤੱਕ) ਵੈਲਫੇਅਰ ਵਿਭਾਗ ਵੱਲੋਂ 39192 ਅਤੇ ਸਰਵ ਸਿੱਖਿਆ ਅਭਿਆਨ ਤਹਿਤ 34229 ਬੱਚਿਆਂ ਨੂੰ ਕਿਤਾਬਾਂ ਦਿੱਤੀਆਂ ਗਈਆਂ ਹਨ। ਇਸੇ ਤਹਿਤ ਜਮਾਤ ਛੇਵੀਂ ਤੋਂ

ਅੱਠਵੀਂ ਤੱਕ ਵੈਲਫੇਅਰ ਵਿਭਾਗ ਵੱਲੋਂ 28239 ਬੱਚਿਆਂ ਨੂੰ ਅਤੇ ਸਰਵ ਸਿੱਖਿਆ ਅਭਿਆਨ ਵੱਲੋ 21603 ਬੱਚਿਆਂ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ ਹਨ। ਨੌਵੀ ਅਤੇ ਦੱਸਵੀਂ ਜਮਾਤ ਦੇ ਸਿਰਫ ਐਸ ਸੀ 20149 ਬੱਚਿਆਂ ਨੂੰ ਵੈਲਫੇਅਰ ਵਿਭਾਗ ਵੱਲੋਂ ਮੁਫਤ ਕਿਤਾਬਾਂ ਮੁਹੱਈਆਂ ਕਰਵਾਈਆਂ ਗਈਆਂ ਹਨ।ਜ਼ਿਲ੍ਹੇ ਵਿੱਚ ਸਕੂਲਾਂ ਵਿੱਚ ਦਾਖਲਾ ਵੱਧਣ ਕਾਰਨ ਜੋ ਸਪਲੀਮੈਂਟਰੀ ਡਿਮਾਂਡ ਪ੍ਰਾਪਤ ਹੋਈ ਸੀ, ਉਸ ਅਨੁਸਾਰ ਸਾਰੇ ਸਕੂਲਾਂ ਨੂੰ ਬਲਾਕਾਂ ਰਾਹੀਂ ਕਿਤਾਬਾਂ ਮੁਹੱਈਆਂ ਕਰਵਾ ਦਿੱਤੀਆਂ ਗਈਆਂ ਹਨ। ਹੁਣ ਜ਼ਿਲ੍ਹੇ ਵਿੱਚ ਕੋਈ ਵੀ ਬੱਚਾ ਕਿਤਾਬਾਂ ਤੋਂ ਵਿਰਵਾ ਨਹੀਂ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਕੋਈ ਵੀ ਬੱਚਾ ਕਿਤਾਬਾਂ ਤੋਂ ਬਿਨਾਂ ਨਾ ਰਹੇ।

## ਸਿਵਲ ਵਰਕਸ

**ਸਾਲ 2012-13 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਨਿਊ ਅਪਰ ਪ੍ਰਾਇਮਰੀ ਇਮਾਰਤ @ 22.00 ਲੱਖ ਰੁ** :- 01 ਨਿਊ ਅਪਰ ਪ੍ਰਾਇਮਰੀ ਇਮਾਰਤ ਲਈ 22.00 ਲੱਖ ਰੁ ਪ੍ਰਾਪਤ ਹੋਏ ਹਨ। ਇਸ ਵਿੱਚੋਂ 22.00 ਲੱਖ ਰੁ. ਖਰਚ ਹੋ ਚੁੱਕਾ ਹੈ। ਨਿਊ ਅਪਰ ਪ੍ਰਾਇਮਰੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
2. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ.** :- 47 ਗਰਲਜ਼ ਟਾਇਲਟ ਲਈ 92.59 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 92.59 ਲੱਖ ਰੁ. ਖਰਚ ਹੋ ਚੁੱਕਾ ਹੈ। 47 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
3. **ਸੀ ਡਬਲਯੂਐਸਐਨ ਸੁਵਿਧਾ @ 0.76 ਲੱਖ ਰੁ.** :- 10 ਸੀ ਡਬਲਯੂਐਸਐਨ ਟਾਇਲਟ ਲਈ 7.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋ 7.60 ਲੱਖ ਰੁ. ਖਰਚ ਹੋ ਚੁੱਕਾ ਹੈ। 10 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
4. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 13 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 67.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 67.60 ਲੱਖ ਰੁ. ਖਰਚ ਹੋ ਚੁੱਕਾ ਹੈ। 13 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।
5. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 42 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 218.40 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 218.40 ਲੱਖ ਰੁ. ਖਰਚ ਹੋ ਚੁੱਕਾ ਹੈ। 42 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।
6. **ਹੈਡ ਮਾਸਟਰ ਰੂਮ (ਪ੍ਰਾਇਮਰੀ) @ 3.27 ਲੱਖ ਰੁ.** :- 09 ਹੈਡ ਮਾਸਟਰ ਰੂਮ ਪ੍ਰਾਇਮਰੀ ਲਈ 29.43 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 29.43 ਲੱਖ ਰੁ. ਖਰਚ ਹੋ ਚੁੱਕਾ ਹੈ। 09 ਹੈਡ ਮਾਸਟਰ ਰੂਮ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
7. **ਚਾਰ ਦੀਵਾਰੀ @ 0.0425 ਲੱਖ ਰੁ.** :- 772 ਮੀਟਰ ਚਾਰਦੀਵਾਰੀ ਲਈ 32.81 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 32.81 ਲੱਖ ਰੁ. ਖਰਚ ਹੋ ਚੁੱਕੇ ਹਨ। 772 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।
8. **ਚਾਰ ਦੀਵਾਰੀ @ 0.0345 ਲੱਖ ਰੁ.** :- 81884 ਮੀਟਰ ਚਾਰਦੀਵਾਰੀ ਲਈ 2824.99800 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 2812.72306 ਲੱਖ ਰੁ. ਖਰਚ ਹੋ ਚੁੱਕੇ ਹਨ। 81528.205 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 355.795 ਮੀਟਰ ਚਾਰਦੀਵਾਰੀ ਦਾ ਕੰਮ ਚਲ ਰਿਹਾ ਹੈ।

9. **ਮੇਜਰ ਰਿਪੇਅਰ (ਪ੍ਰਾਇਮਰੀ) :-** 45 ਸਕੂਲਾਂ ਲਈ 73.60 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 73.60 ਲੱਖ ਰੁ. ਖਰਚ ਹੋ ਚੁੱਕੇ ਹਨ। 45 ਮੇਜਰ ਰਿਪੇਅਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

10. **ਮੇਜਰ ਰਿਪੇਅਰ (ਅਪਰ ਪ੍ਰਾਇਮਰੀ) :-** 13 ਸਕੂਲਾਂ ਲਈ 28.53014 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 28.53014 ਲੱਖ ਰੁ. ਖਰਚ ਹੋ ਚੁੱਕੇ ਹਨ। 13 ਮੇਜਰ ਰਿਪੇਅਰ ਅਪਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

11. **ਰੈਂਪ ਹੈਂਡਰੇਲ ਸਮੇਤ @ 0.15 ਲੱਖ ਰੁ:-** 53 ਰੈਪਸ ਲਈ 7.95 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 7.95 ਲੱਖ ਰੁ. ਖਰਚ ਹੋ ਚੁੱਕਾ ਹੈ। 53 ਸਕੂਲਾਂ ਵਿੱਚ ਕੰਮ ਮੁਕੰਮਲ ਹੋ ਚੁੱਕਾ ਹੈ।

ਪ੍ਰਧਾਨ ਜੀ ਨੇ ਕਿਹਾ ਸਿਵਲ ਵਰਕਸ ਦੇ ਸਾਲ 2012-13 ਦੇ ਚਾਰਦੀਵਾਰੀ ਦੇ ਪੈਂਡਿੰਗ ਕੰਮ ਨੂੰ ਜਲਦੀ ਮੁਕੰਮਲ ਕੀਤਾ ਜਾਵੇ।

**ਸਾਲ 2013-14 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ. :-** 41 ਗਰਲਜ਼ ਟਾਇਲਟ ਲਈ 80.77 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 80.77 ਲੱਖ ਰੁ. ਖਰਚ ਹੋ ਚੁੱਕਾ ਹੈ। 41 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਟਾਇਲਟ ਰਿਪੇਅਰ:-** 03 ਟਾਇਲਟ ਰਿਪੇਅਰ ਲਈ 0.798 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 0.798 ਲੱਖ ਰੁ. ਖਰਚ ਹੋ ਚੁੱਕਾ ਹੈ। 03 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 03 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 15.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 15.60 ਲੱਖ ਰੁ. ਖਰਚ ਹੋ ਚੁੱਕਾ ਹੈ। 03 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 31 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 161.20 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 161.20 ਲੱਖ ਰੁ. ਖਰਚ ਹੋ ਚੁੱਕਾ ਹੈ। 31 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

5. **ਚਾਰ ਦੀਵਾਰੀ @ 0.0345 ਲੱਖ ਰੁ. :-** 1103 ਮੀਟਰ ਚਾਰਦੀਵਾਰੀ ਲਈ 38.05350 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 38.05350 ਲੱਖ ਰੁ. ਖਰਚ ਹੋ ਚੁੱਕੇ ਹਨ। 1103 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

**ਮਿਡ ਡੇ ਮੀਲ ਸਕੀਮ:-** ਮੀਟਿੰਗ ਦੇ ਸ਼ੁਰੂ ਵਿੱਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਵਿੱਚ ਹਾਜਿਰ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਕੋਲੋਂ ਮਿਡ ਡੇ ਮੀਲ ਸਕੀਮ ਦੀ ਪ੍ਰਗਤੀ ਬਾਰੇ ਪੁੱਛਿਆ ਗਿਆ ਤਾਂ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਵਿੱਚ ਮਹੀਨਾ ਮਹੀਨਾ ਅਗਸਤ, 14 ਦੌਰਾਨ ਪ੍ਰਾਇਮਰੀ ਸਕੂਲਾਂ ਲਈ 1170.00 ਕੁਇੰਟਲ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਲਈ 1490.00 ਕੁਇੰਟਲ ਅਨਾਜ ਲਿਫਟ ਕੀਤਾ ਗਿਆ ਹੈ।ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਨੇ ਦੱਸਿਆ ਕਿ ਮਿਡ ਡੇ ਮੀਲ ਸਕੀਮ ਤਹਿਤ ਸਕੂਲਾਂ ਵਿੱਚ ਸਪਲਾਈ ਕੀਤਾ ਜਾਣ ਵਾਲਾ ਅਨਾਜ ਪੂਰੀ ਮਾਤਰਾ ਵਿੱਚ ਸਹੀ ਗੁਣਵੱਤਾ ਵਾਲਾ ਤੋਲ ਕੇ ਅਧਿਆਪਕਾਂ ਵੱਲੋਂ ਪ੍ਰਾਪਤ ਕੀਤਾ ਜਾ ਰਿਹਾ ਹੈ।ਉਹਨਾਂ ਨੇ ਦੱਸਿਆ ਕਿ ਜਿਲੇ ਦੀ ਹਰੇਕ ਸਬ-ਡਵੀਜ਼ਨ ਵਿੱਚ ਅਨਾਜ ਦੀ ਐਡਵਾਂਸ ਚੈਕਿੰਗ ਲਈ ਸਬੰਧਤ ਐਸ.ਡੀ.ਐਮਜ਼ ਵੱਲੋਂ ਕਮੇਟੀਆਂ ਦਾ ਗਠਨ

ਕੀਤਾ ਜਾ ਚੁੱਕਾ ਹੈ ਜਿਹਨਾਂ ਵੱਲੋਂ ਸਕੂਲਾਂ ਨੂੰ ਭੇਜੇ ਜਾਣ ਵਾਲੇ ਅਨਾਜ ਦੀ ਗੁਣਵੱਤਾ ਅਤੇ ਮਿਕਦਾਰ ਦੀ ਐਡਵਾਂਸ ਚੈਕਿੰਗ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਵਿੱਚ ਹਾਜਿਰ ਸਮੂਹ ਅਧਿਕਾਰੀਆਂ ਨੂੰ ਕਿਹਾ ਗਿਆ ਕਿ ਉਹਨਾਂ ਵੱਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਦਿੱਤੇ ਜਾ ਰਹੇ ਮਿਡ ਡੇ ਮੀਲ ਦੀ ਰੂਟੀਨ ਚੈਕਿੰਗ ਕਰਨੀ ਯਕੀਨੀ ਬਣਾਈ ਜਾਵੇ।

ਜਿਲਾ ਸਿੱਖਿਆ ਅਫਸਰ (ਐ.ਸਿ.),ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਦੇ ਸਕੂਲਾਂ ਵਾਸਤੇ ਮਿਤੀ 05.09.14 ਨੂੰ ਮੁੱਖ ਦਫਤਰ ਵੱਲੋਂ ਭੇਜੀ ਗਈ ਕੁੱਲ 93 ਲੱਖ 58 ਹਜਾਰ 256 ਰੁ: ਕੁਕਿੰਗ ਕੋਸਟ ਦੀ ਰਾਸ਼ੀ ਸਮੂਹ ਸਕੂਲਾਂ ਨੂੰ ਅਗਸਤ,14 ਤੱਕ ਦੇ ਬੈਕਲਾਗ ਨੂੰ ਕਲੀਅਰ ਕਰਨ ਵਾਸਤੇ ਇਸ ਦਫਤਰ ਵੱਲੋਂ ਸਬੰਧਤ ਬੀ.ਪੀ.ਈ.ਓਜ਼ ਰਾਹੀਂ ਜਾਰੀ ਕਰ ਦਿੱਤੀ ਗਈ ਹੈ।ਇਸ ਦੇ ਨਾਲ ਹੀ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਮਿਤੀ 05.09.14 ਨੂੰ ਪ੍ਰਾਪਤ ਗ੍ਰਾਂਟ ਵਿੱਚੋਂ ਇਸ ਦਫਤਰ ਵੱਲੋਂ ਇਸ ਜਿਲੇ ਦੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ 3095 ਕੁੱਕਾਂ ਨੂੰ ਮਹੀਨਾ ਅਗਸਤ, 14 ਤੱਕ ਦਾ ਮਿਹਨਤਾਨਾ ਸਬੰਧਤ ਬੀ.ਪੀ.ਈ.ਓਜ਼ ਰਾਹੀਂ ਜਾਰੀ ਕੀਤਾ ਜਾ ਚੁੱਕਾ ਹੈ।

ਇਸ ਤੋਂ ਬਾਅਦ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਪਾਸੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਅਨਾਜ ਦੀਆਂ ਖਾਲੀ ਬੋਰੀਆਂ ਸਕੂਲ ਪੱਧਰ ਤੇ ਵੇਚੀਆਂ ਜਾਣੀਆਂ ਹਨ ਅਤੇ ਵੇਚ-ਵੱਟਕ ਦੀ ਰਾਸ਼ੀ ਸਬੰਧਤ ਬੀ.ਪੀ.ਈ.ਓ ਰਾਹੀਂ ਇਸ ਦਫਤਰ ਪਾਸ ਜਮ੍ਹਾਂ ਕਰਵਾਈ ਜਾਣੀ ਹੈ।ਇਸ ਦਫਤਰ ਪਾਸ ਸਮੂਹ ਬਲਾਕਾਂ ਵੱਲੋਂ ਮਹੀਨਾ ਅਕਤੂਬਰ,13 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵੱਟਕ ਦੀ ਲਗਭਗ 12 ਲੱਖ 38 ਹਜਾਰ ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਜੋ ਇਸ ਦਫਤਰ ਵੱਲੋਂ ਹਦਾਇਤਾਂ ਅਨੁਸਾਰ ਮੁੱਖ ਦਫਤਰ, ਅਜੀਤਗੜ੍ਹ ਨੂੰ ਈ-ਟ੍ਰਾਂਸਫਰ ਕਰਕੇ ਭੇਜੀ ਜਾ ਚੁੱਕੀ ਹੈ।ਹੁਣ ਇਸ ਦਫਤਰ ਪਾਸ ਸਮੂਹ ਬਲਾਕਾਂ ਵੱਲੋਂ ਮਹੀਨਾ ਨਵੰਬਰ,13 ਤੋਂ ਮਾਰਚ,14 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵੱਟਕ ਦੀ ਲਗਭਗ 1 ਲੱਖ 50 ਹਜਾਰ ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਹੈ।ਸਮੂਹ ਬਲਾਕਾਂ ਨੂੰ ਮਹੀਨਾ ਅਪ੍ਰੈਲ,14 ਤੋਂ ਜੁਲਾਈ,14ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵੱਟਕ ਦੀ ਰਾਸ਼ੀ ਇਸ ਦਫਤਰ ਪਾਸ ਇਸ ਮਹੀਨੇ ਦੌਰਾਨ ਹੀ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ।

ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਜਿਲਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਜਿਲੇ ਦੇ ਸਕੂਲਾਂ ਵਿੱਚ ਮਿਤੀ 26.09.14 ਤੱਕ IVRS (Integrated voice response system) ਨੂੰ ਸ਼ੁਰੂ ਕਰ ਦਿੱਤਾ ਜਾਵੇ।ਉਹਨਾਂ ਨੇ ਦੱਸਿਆ ਕਿ ਇਸ ਸਿਸਟਮ ਤਹਿਤ NIC, ਹੁਸ਼ਿਆਰਪੁਰ ਵੱਲੋਂ ਬਣਾਏ ਗਏ ਸਾਫਟਵੇਅਰ ਤੋਂ ਐਸ.ਐਮ.ਐਸ ਰਾਹੀਂ ਰੋਜਾਨਾ ਸਕੂਲਾਂ ਵਿੱਚ ਦਿੱਤੇ ਜਾ ਰਹੇ ਮਿਡ ਡੇ ਮੀਲ ਨੂੰ ਅਤੇ ਅਧਿਆਪਕਾਂ ਦੀ ਹਾਜਰੀ ਨੂੰ ਚੈੱਕ ਕੀਤਾ ਜਾਣਾ ਹੈ।

ਅੰਤ ਵਿੱਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਸਮਾਪਤ ਕੀਤੀ ਗਈ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਹੁਸ਼ਿਆਰਪੁਰ

ਮਾਨਯੋਗ ਡਿਪਟੀ ਕਮਿਸ਼ਨਰ
ਹੁਸ਼ਿਆਰਪੁਰ

DRP
2/10/14